## ਤੁਸੀਂ ਕੀ ਕਰ ਸਕਦੇ ਹੋ

1. **ਸੰਕੇਤਾਂ ਨੂੰ ਸਮਝੋ।** ਸਾਡੇ ਸੂਚਕ ਕਾਰਡਾਂ ਲਈ ਆਰਡਰ ਕਰੋ, ਜੋ 17 ਭਾਸ਼ਾਵਾਂ ਵਿੱਚ ਬਟੂਏ ਦੇ ਆਕਾਰ ਵਾਲੇ ਸੁਵਿਧਾਜਨਕ ਕਾਰਡ ਹਨ ਅਤੇ ਜਿਨ੍ਹਾਂ ਵਿੱਚ ਅਹਿਮ ਸੰਕੇਤਾਂ ਦੀ ਸੂਚੀ ਦਿੱਤੀ ਗਈ ਹੈ। ਤੁਸੀਂ ਇਹ ਕਾਰਡ ਆਪਣੇ ਸਥਾਨਕ ਇਲਾਕੇ ਵਿੱਚ ਉਹਨਾਂ ਲੋਕਾਂ ਵਿੱਚ ਵੰਡ ਸਕਦੇ ਹੋ ਜੋ ਸ਼ਾਇਦ ਪੀੜਤਾਂ ਦੇ ਸੰਪਰਕ ਵਿੱਚ ਆ ਸਕਦੇ ਹਨ। ਇਸ ਵੈਬਸਾਈਟ 'ਤੇ ਵਧੇਰੇ ਜਾਣਕਾਰੀ ਲਵੋ: *www.dhs.gov/bluecampaign*.

2. **ਮਨੁੱਖੀ ਤਸਕਰੀ ਦੀਆਂ ਸੂਹਾਂ ਦੀ ਰਿਪੋਰਟ ਕਰੋ।**

   **ਮਨੁੱਖੀ ਤਸਕਰੀ ਦੀ ਸ਼ੱਕੀ ਗਤੀਵਿਧੀ ਬਾਰੇ ਸੂਚਨਾ ਦੇਣ ਜਾਂ ਫੈਡਰਲ ਕਾਨੂੰਨ ਪਾਲਣਾ ਅਧਿਕਾਰੀਆਂ ਤੋਂ ਮਦਦ ਲੈਣ ਲਈ, 1-866-347-2423 'ਤੇ ਕਾਲ ਕਰੋ ਜਾਂ www.ice.gov/tips 'ਤੇ ਔਨਲਾਈਨ ਸੂਹ ਦਿਓ।**

   ਦੁਨੀਆਂ ਭਰ ਦੇ ਵਿਅਕਤੀ ਹੋਮਲੈਂਡ ਸਿਕਿਉਰਿਟੀ ਇਨਵੈਸਟੀਗੇਸ਼ਨ (HSI) ਦੀ ਟਿਪਲਾਈਨ ਨੂੰ ਦਿਨ ਦੇ 24 ਘੰਟੇ, ਹਫਤੇ ਦੇ 7 ਦਿਨ, ਸਾਲ ਦੇ ਹਰੇਕ ਦਿਨ ਸ਼ੱਕੀ ਅਪਰਾਧਕ ਗਤੀਵਿਧੀ ਦੀ ਸੂਚਨਾ ਦੇ ਸਕਦੇ ਹਨ। ਟਿਪਲਾਈਨ ਨੂੰ 802-872-6199 'ਤੇ ਕਾਲ ਕਰਕੇ ਅੰਤਰਰਾਸ਼ਟਰੀ ਤੌਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉੱਚ ਸਿਖਲਾਈ ਪ੍ਰਾਪਤ ਮਾਹਰ HSI ਵੱਲੋਂ ਲਾਗੂ ਕੀਤੇ 400 ਤੋਂ ਵੀ ਵੱਧ ਕਾਨੂੰਨਾਂ, ਜਿਨ੍ਹਾਂ ਵਿੱਚ ਮਨੁੱਖੀ ਤਸਕਰੀ ਨਾਲ ਸਬੰਧਤ ਕਾਨੂੰਨ ਵੀ ਸ਼ਾਮਲ ਹਨ, ਦੇ ਅੰਤਰਗਤ  ਆਮ ਲੋਕਾਂ ਅਤੇ ਕਾਨੂੰਨ ਪਾਲਣਾ ਏਜੰਸੀਆਂ ਤੋਂ ਰਿਪੋਰਟਾਂ ਲੈਂਦੇ ਹਨ।

   **ਨੈਸ਼ਨਲ ਹਿਊਮਨ ਟ੍ਰੈਫਿਕਿੰਗ ਰਿਸੋਰਸ ਸੈਂਟਰ (NHTRC) ਨੂੰ ਹੇਠਾਂ ਦਿੱਤੇ ਕੰਮਾਂ ਵਾਸਤੇ 1-888-373-7888 'ਤੇ ਕਾਲ ਕਰੋ:**

   - ਤੁਹਾਡੇ ਇਲਾਕੇ ਵਿੱਚ ਸੇਵਾ ਮੁਹੱਈਆ ਕਰਨ ਵਾਲੇ ਨਾਲ ਸੰਪਰਕ ਕਰਨਾ ਅਤੇ ਮਦਦ ਲੈਣੀ;
   - ਸੰਭਾਵੀ ਮਨੁੱਖੀ ਤਸਕਰੀ ਦੀ ਗਤੀਵਿਧੀ ਬਾਰੇ ਜਾਣਕਾਰੀ ਮੁਹੱਈਆ ਕਰਨੀ; ਜਾਂ
   - ਸਿਖਲਾਈ, ਤਕਨੀਕੀ ਸਹਾਇਤਾ, ਜਾਂ ਸ੍ਰੋਤਾਂ ਬਾਰੇ ਬੇਨਤੀ ਕਰਕੇ ਹੋਰ ਜਾਣਕਾਰੀ ਲੈਣੀ।

   NHTRC ਇੱਕ ਰਾਸ਼ਟਰੀ, ਟੋਲ-ਫ੍ਰੀ ਹੋਟਲਾਈਨ ਹੈ ਜੋ ਦਿਨ ਦੇ 24 ਘੰਟੇ, ਹਫਤੇ ਦੇ 7 ਦਿਨ, ਸਾਲ ਦੇ ਹਰੇਕ ਦਿਨ ਦੇਸ਼ ਵਿੱਚ ਕਿਸੇ ਵੀ ਥਾਂ ਤੋਂ ਕਾਲਾਂ ਦਾ ਜਵਾਬ ਦੇਣ ਲਈ ਉਪਲਬਧ ਹੁੰਦੀ ਹੈ। NHTRC ਕਾਨੂੰਨ ਪਾਲਣਾ ਜਾਂ ਇਮੀਗ੍ਰੇਸ਼ਨ ਅਥਾਰਿਟੀ ਨਹੀਂ ਹੈ ਅਤੇ ਇਸ ਨੂੰ ਗੈਰ-ਸਰਕਾਰੀ ਸੰਗਠਨਾਂ ਦੁਆਰਾ ਚਲਾਇਆ ਜਾਂਦਾ ਹੈ।

3. **ਆਪਣੇ ਆਪ ਨੂੰ ਅਤੇ ਆਪਣੇ ਭਾਈਚਾਰੇ ਨੂੰ ਸਿੱਖਿਆ ਦੇਵੋ।** ਮਨੁੱਖੀ ਤਸਕਰੀ ਅਤੇ ਹੋਰ ਸੂਚਕਾਂ, ਜਿਨ੍ਹਾਂ ਬਾਰੇ ਤੁਹਾਨੂੰ ਜਾਣੂ ਹੋਣਾ ਚਾਹੀਦਾ ਹੈ, ਬਾਰੇ ਵਧੇਰੇ ਜਾਣਕਾਰੀ ਲੈਣ ਲਈ ਸਾਡੀ ਮੁਫ਼ਤ, ਆਪਸੀ-ਕਿਰਿਆ ਵਾਲੀ ਔਨਲਾਈਨ ਸਿਖਲਾਈ ਲਵੋ, ਅਤੇ ਆਪਣੀ ਜਾਣ-ਪਛਾਣ ਵਾਲੇ ਹੋਰ ਲੋਕਾਂ ਨੂੰ ਵੀ ਸਿਖਲਾਈ ਲੈਣ ਲਈ ਕਹੋ। ਇਸ ਵੈਬਸਾਈਟ 'ਤੇ ਜਾਓ: *www.dhs.gov/bluecampaign*.

4. **ਇਹ ਗੱਲ ਸਭ ਨੂੰ ਦੱਸੋ**। ਆਪਣੇ ਸਾਥੀ ਕਰਮਚਾਰੀਆਂ ਨੂੰ Blue Campaign ਬਾਰੇ, ਸਾਡੇ ਦੁਆਰਾ ਪੇਸ਼ ਕੀਤੇ ਜਾਂਦੇ ਕਈ ਪ੍ਰੋਗਰਾਮਾਂ ਬਾਰੇ, ਅਤੇ ਮਨੁੱਖੀ ਤਸਕਰੀ ਦਾ ਮੁਕਾਬਲਾ ਕਰਨ ਲਈ ਸਾਡੇ ਨਾਲ ਸ਼ਾਮਲ ਹੋਣ ਦੇ ਤਰੀਕਿਆਂ ਬਾਰੇ ਦੱਸੋ। ਆਪਣੇ ਸਾਥੀ-ਕਰਮਚਾਰੀਆਂ, ਦੋਸਤਾਂ, ਪਰਿਵਾਰ, ਅਤੇ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ 5 ਮਿੰਟਾਂ ਦੀ ''ਕੌਫੀ ਬ੍ਰੇਕ'' ਸਿਖਲਾਈ ਦਿਓ। *www.dhs.gov/bluecampaign* 'ਤੇ ਉਪਲਬਧ।

5. **Blue Campaign ਵੈਬਸਾਈਟ 'ਤੇ ਜਾਓ।** ਵਧੇਰੇ ਸਿਖਲਾਈ, ਲੋਕਾਂ ਤਕ ਪਹੁੰਚਣ ਦੀਆਂ ਸਮੱਗਰੀਆਂ, ਪੀੜਤ ਦੀ ਸਹਾਇਤਾ ਕਰਨ ਲਈ ਸਮੱਗਰੀਆਂ, ਅਤੇ ਮਨੁੱਖੀ ਤਸਕਰੀ ਨੂੰ ਖਤਮ ਕਰਨ ਦੀ ਲੜਾਈ ਵਿੱਚ ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ, ਬਾਰੇ ਜਾਣਕਾਰੀ ਲਈ ਇਸ ਵੈਬਸਾਈਟ 'ਤੇ ਜਾਓ: *www.dhs.gov/bluecampaign*. ਸਾਨੂੰ Facebook 'ਤੇ “Like” ਕਰੋ: *www.facebook.com/bluecampaign*. ਜਾਂ, ਸਾਡੇ ਨਾਲ ਇਸ ਪਤੇ 'ਤੇ ਸੰਪਰਕ ਕਰੋ: *BlueCampaign@hq.dhs.gov*.

**ਪੀੜਤ ਦੀ ਪਛਾਣ**
NGO (ਗੈਰ-ਸਰਕਾਰੀ ਸੰਗਠਨ)
ਧਰਮ ਅਧਾਰਤ ਸਮੂਹ



# ਤੁਸੀਂ ਕੀ ਕਰ ਸਕਦੇ ਹੋ?

*ਪੀੜਤਾਂ ਨੂੰ ਪਛਾਣਨਾ ਅਤੇ ਮਨੁੱਖੀ ਤਸਕਰੀ ਦੇ ਸ਼ੱਕੀ ਮਾਮਲਿਆਂ ਦੀ ਸੂਚਨਾ ਦੇਣੀ*

BLUE CAMPAIGN
One Voice. One Mission. End Human Trafficking.™

# ਤੁਸੀਂ ਕੀ ਕਰ ਸਕਦੇ ਹੋ?

*ਪੀੜਤਾਂ ਨੂੰ ਪਛਾਣਨਾ ਅਤੇ ਮਨੁੱਖੀ ਤਸਕਰੀ ਦੇ ਸ਼ੱਕੀ ਮਾਮਲਿਆਂ ਦੀ ਸੂਚਨਾ ਦੇਣੀ*

## ਪੀੜਤ ਤੁਹਾਡੇ ਬਿਲਕੁਲ ਸਾਹਮਣੇ ਹੋ ਸਕਦੇ ਹਨ

ਅਧਿਆਪਕ, ਨਰਸਾਂ, ਸੋਸ਼ਲ ਵਰਕਰ, ਧਾਰਮਕ ਆਗੂ, ਅਤੇ ਗੈਰ-ਸਰਕਾਰੀ ਸੰਗਠਨ (NGOs) ਭਾਈਚਾਰਿਆਂ ਦੇ ਮੈਂਬਰ ਹਨ ਅਤੇ ਇਹਨਾਂ ਦੁਆਰਾ ਤਸਕਰੀ ਦੇ ਪੀੜਤਾਂ ਦਾ ਸਾਹਮਣਾ ਕਰਨ—ਅਤੇ ਉਹਨਾਂ ਦੀ ਪਛਾਣ ਅਤੇ ਮਦਦ ਕਰਨ—ਦੀ ਸੰਭਾਵਨਾ ਹੁੰਦੀ ਹੈ। ਤੁਹਾਨੂੰ ਮਨੁੱਖੀ ਤਸਕਰੀ ਦੇ ਸੰਕੇਤਾਂ ਅਤੇ ਸੂਚਕਾਂ ਬਾਰੇ ਜਾਣਨਾ ਚਾਹੀਦਾ ਹੈ। ਇਹ ਪੀੜਤਾਂ ਨੂੰ ਪਛਾਣਨ ਅਤੇ ਤਸਕਰੀ ਕਰਨ ਵਾਲਿਆਂ ਨੂੰ ਸਜ਼ਾ ਦੁਆਉਣ ਵੱਲ ਪਹਿਲਾ ਕਦਮ ਹੈ, ਜੋ ਤੁਹਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰ ਸਕਦਾ ਹੈ।

## ਤਸਕਰੀ ਤੋਂ ਪੀੜਤ ਲੋਕ ਸਾਡੇ ਭਾਈਚਾਰੇ ਵਿੱਚ ਹੁੰਦੇ ਹਨ

## ਉਹ ਅਮਰੀਕੀ ਨਾਗਰਿਕਾਂ ਸਮੇਤ, ਕਿਸੇ ਵੀ ਉਮਰ, ਨਸਲ, ਲਿੰਗ ਜਾਂ ਰਾਸ਼ਟਰੀਅਤਾ ਦੇ ਹੋ ਸਕਦੇ ਹਨ

ਉਹਨਾਂ ਕੋਲ ਕਾਨੂੰਨੀ ਇਮੀਗ੍ਰੇਸ਼ਨ ਦਾ ਰੁਤਬਾ ਹੋ ਸਕਦਾ ਹੈ ਜਾਂ ਨਹੀਂ ਵੀ ਹੋ ਸਕਦਾ। ਪੀੜਤ ਕਾਨੂੰਨੀ ਅਤੇ ਗੈਰ-ਕਾਨੂੰਨੀ, ਦੋਵੇਂ ਤਰ੍ਹਾਂ ਦੇ ਕਿਰਤ ਖੇਤਰਾਂ ਵਿੱਚ ਮਿਲਦੇ ਹਨ; ਕਈਆਂ ਨੂੰ ਚੰਗੀ ਕਮਾਈ ਵਾਲੀਆਂ ਨੌਕਰੀਆਂ, ਜਾਂ ਇੱਥੋਂ ਤੱਕ ਪਿਆਰ ਦੇ ਝੂਠੇ ਵਾਅਦਿਆਂ ਨਾਲ ਭਰਮਾਇਆ ਜਾਂਦਾ ਹੈ। ਉਹ ਪੂਜਾ ਦੇ ਅਸਥਾਨਾਂ, ਸਕੂਲਾਂ, ਘਰਾਂ, ਹੋਟਲਾਂ, ਰੈਸਟੋਰੈਂਟਾਂ, ਉਸਾਰੀ ਵਾਲੀਆਂ ਸਾਈਟਾਂ, ਖੇਤਾਂ, ਬਸ ਅਤੇ ਟ੍ਰੇਨ ਸਟੇਸ਼ਨਾਂ, ਹਵਾਈ ਅੱਡਿਆਂ, ਗੁਆਂਢ ਦੇ ਪਾਰਕਾਂ, ਟਰੱਕ ਸਟਾਪਾਂ ਜਾਂ ਹਾਈਵੇਅ ਦੇ ਅਰਾਮ ਕਰਨ ਵਾਲੇ ਖੇਤਰਾਂ; ਜਾਂ ਮਾਲਸ਼ ਪਾਰਲਰਾਂ, ਬਾਰਾਂ ਅਤੇ ਸਟ੍ਰਿਪ ਕਲੱਬਾਂ ਵਿੱਚ ਮਿਲ ਸਕਦੇ ਹਨ। ਅਕਸਰ, ਉਹਨਾਂ ਨੂੰ ਘਰੇਲੂ ਗੁਲਾਮੀ, ਖੇਤ ਜਾਂ ਫੈਕਟਰੀ ਦੀ ਮਜ਼ਦੂਰੀ, ਜਾਂ ਹੋਰ ਤਰ੍ਹਾਂ ਦੀ ਜਬਰੀ ਮਜ਼ਦੂਰੀ, ਜਾਂ ਵਪਾਰਕ ਸੈਕਸ (ਵੇਸਵਾਵ੍ਰਿਤੀ) ਲਈ ਮਜਬੂਰ ਜਾਂ ਬੇਬਸ ਕੀਤਾ ਜਾਂਦਾ ਹੈ। ਫੈਡਰਲ ਕਾਨੂੰਨ ਤਹਿਤ, ਵਪਾਰਕ ਸੈਕਸ ਲਈ ਭਰਮਾਇਆ ਗਿਆ ਹਰੇਕ ਨਾਬਾਲਗ ਵਿਅਕਤੀ ਮਨੁੱਖੀ ਤਸਕਰੀ ਤੋਂ ਪੀੜਤ ਹੁੰਦਾ ਹੈ।

## ਤਸਕਰ ਕਿਵੇਂ ਕੰਮ ਕਰਦੇ ਹਨ

ਤਸਕਰ ਅਜਿਹੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ ਜਿਨ੍ਹਾਂ ਕੋਲ ਸਮਾਜਿਕ ਸੁਰੱਖਿਆ ਬਹੁਤ ਥੋੜ੍ਹੀ ਜਾਂ ਬਿਲਕੁਲ ਵੀ ਨਹੀਂ ਹੁੰਦੀ। ਉਹ ਅਜਿਹੇ ਲੋਕਾਂ ਦੀ ਤਲਾਸ਼ ਕਰਦੇ ਹਨ ਜੋ ਆਰਥਿਕ ਤੰਗੀ, ਘਰੇਲੂ ਹਿੰਸਾ, ਕੁਦਰਤੀ ਆਫਤਾਂ, ਜਾਂ ਰਾਜਨੀਤਿਕ ਅਸਥਿਰਤਾ ਸਮੇਤ, ਵੱਖ-ਵੱਖ ਕਾਰਨਾਂ ਕਰਕੇ ਲਾਚਾਰ ਹੁੰਦੇ ਹਨ। ਤਸਕਰ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਅਤੇ ਆਪਣੇ ਅਧੀਨ ਕਰਨ ਲਈ ਵੱਖ-ਵੱਖ ਰਣਨੀਤੀਆਂ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਵਿੱਚ ਸਿਰਫ ਹਿੰਸਾ ਜਾਂ ਹਿੰਸਾ ਦੀਆਂ ਧਮਕੀਆਂ ਹੀ ਨਹੀਂ, ਬਲਕਿ ਮਨੋਵਿਗਿਆਨਕ ਜਬਰ ਵੀ ਸ਼ਾਮਲ ਹੈ। ਇਹ ਸਦਮਾ ਐਨਾ ਵੱਡਾ ਹੋ ਸਕਦਾ ਹੈ ਕਿ ਕਈ ਲੋਕ ਖੁਦ ਨੂੰ ਪੀੜਤ ਨਹੀਂ ਮੰਨਦੇ ਹਨ ਅਤੇ, ਇੱਥੋਂ ਤਕ ਕਿ ਬਹੁਤ ਜ਼ਿਆਦਾ ਜਨਤਕ ਥਾਂਵਾਂ 'ਤੇ ਵੀ ਮਦਦ ਨਹੀਂ ਮੰਗਦੇ ਹਨ।

ਤਸਕਰ ਆਮ ਤੌਰ 'ਤੇ ਹੇਠਾਂ ਦਿੱਤੇ ਤਰੀਕਿਆਂ ਰਾਹੀਂ ਆਪਣਾ ਕੰਮ ਕਰਦੇ ਹਨ:

- ਵਿਅਕਤੀ ਜਾਂ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਵਿਰੁੱਧ ਹਿੰਸਾ ਦੀ ਵਰਤੋਂ ਕਰਨੀ ਜਾਂ ਧਮਕੀ ਦੇਣੀ;
- ਵਿਅਕਤੀ ਨੂੰ ਨੁਕਸਾਨ ਪਹੁੰਚਾਉਣਾ ਜਾਂ ਉਸ ਨੂੰ ਬੁਨਿਆਦੀ ਲੋੜਾਂ ਤੋਂ ਵਾਂਝਾ ਕਰਨਾ, ਜਿਵੇਂ ਕਿ ਭੋਜਨ, ਪਾਣੀ, ਜਾਂ ਨੀਂਦ;
- ਪਿਆਰ ਜਾਂ ਦੋਸਤੀ ਦੇ ਝੂਠੇ ਵਾਅਦੇ ਕਰਨੇ;
- ਵਧੀਆ ਨੌਕਰੀ ਅਤੇ ਘਰ ਦੇ ਝੂਠੇ ਵਾਅਦੇ ਕਰਨੇ;
- ਪੀੜਤ ਨੂੰ ਧਾਰਮਿਕ ਰਸਮਾਂ ਵਿੱਚ ਹਿੱਸਾ ਲੈਣ ਤੋਂ ਰੋਕਣਾ;
- ਦੋਸਤਾਂ ਜਾਂ ਪਰਿਵਾਰ ਨਾਲ ਸੰਪਰਕ ਕਰਨ ਤੋਂ ਰੋਕਣਾ;
- ਆਉਣ-ਜਾਣ ਦੀ ਅਜ਼ਾਦੀ 'ਤੇ ਰੋਕ ਲਗਾਉਣੀ;
- ਵਿਅਕਤੀ ਦੇ ਸ਼ਨਾਖਤੀ ਦਸਤਾਵੇਜ਼ਾਂ ਨੂੰ ਆਪਣੇ ਨਿਯੰਤ੍ਰਣ ਵਿੱਚ ਲੈਣਾ;
- ਵਤਨ ਵਾਪਸੀ ਜਾਂ ਕਾਨੂੰਨ ਪਾਲਣਾ ਕਾਰਵਾਈ ਦੀ ਧਮਕੀ ਦੇਣੀ; ਅਤੇ/ਜਾਂ
- ਕਥਿਤ ਕਰਜ਼ਿਆਂ ਦਾ ਭੁਗਤਾਨ ਕਰਨ ਲਈ ਵਿਅਕਤੀ ਦੀ ਤਨਖਾਹ ਜ਼ਬਤ ਕਰਨੀ।

## ਮਨੁੱਖੀ ਤਸਕਰੀ ਦੇ ਸੰਕੇਤ

ਪੀੜਤਾਂ ਨੂੰ ਪਛਾਣ ਕੇ ਅਤੇ ਸੂਹਾਂ ਦੇ ਕੇ, ਤੁਸੀਂ ਪੀੜਤਾਂ ਨੂੰ ਬਚਾਉਣ ਲਈ ਕਾਨੂੰਨ ਪਾਲਣਾ ਅਧਿਕਾਰੀਆਂ ਦੀ ਮਦਦ ਕਰਨ ਦਾ ਆਪਣਾ ਫਰਜ਼ ਨਿਭਾਉਂਦੇ ਹੋ, ਅਤੇ ਤੁਸੀਂ ਸ਼ਾਇਦ ਇੱਕ ਜ਼ਿੰਦਗੀ ਬਚਾ ਸਕਦੇ ਹੋ। ਤੁਸੀਂ ਪੀੜਤਾਂ ਨੂੰ ਡਾਕਟਰੀ ਅਤੇ ਮਾਨਸਿਕ ਸਿਹਤ ਦੇਖਭਾਲ, ਸ਼ਰਣ, ਨੌਕਰੀ ਦੀ ਸਿਖਲਾਈ, ਅਤੇ ਕਾਨੂੰਨੀ ਸਹਾਇਤਾ ਵਰਗੀਆਂ ਸੇਵਾਵਾਂ ਨਾਲ ਜੋੜ ਸਕਦੇ ਹੋ ਜੋ ਉਹਨਾਂ ਦੀ ਸੁਤੰਤਰਤਾ ਅਤੇ ਮਾਣ ਨੂੰ ਬਹਾਲ ਕਰਦੀਆਂ ਹਨ। ਤੁਹਾਡੀ ਅਤੇ ਇਸ ਦੇ ਨਾਲ-ਨਾਲ ਪੀੜਤ ਦੀ ਸੁਰੱਖਿਆ ਸਰਵ-ਉੱਚ ਹੁੰਦੀ ਹੈ। ਕਿਸੇ ਵੀ ਸਮੇਂ ਸ਼ੱਕੀ ਤਸਕਰ ਨਾਲ ਸਿੱਧਾ ਟਾਕਰਾ ਕਰਨ ਜਾਂ ਪੀੜਤ ਨੂੰ ਆਪਣੇ ਸ਼ੱਕ ਬਾਰੇ ਖ਼ਬਰਦਾਰ ਕਰਨ ਦੀ ਕੋਸ਼ਿਸ਼ ਨਾ ਕਰੋ। ਕਿਸੇ ਵੀ ਸੂਚਕ ਦੀ ਮੌਜੂਦਗੀ ਜਾਂ ਗੈਰ-ਮੌਜੂਦਗੀ ਜ਼ਰੂਰੀ ਤੌਰ 'ਤੇ ਕਿ ਮਨੁੱਖੀ ਤਸਕਰੀ ਦਾ ਸਬੂਤ ਨਹੀਂ ਹੁੰਦੀ ਹੈ। ਮਨੁੱਖੀ ਤਸਕਰੀ ਦੇ ਸ਼ੱਕੀ ਮਾਮਲਿਆਂ ਦੀ ਤਫ਼ਤੀਸ਼ ਕਰਨਾ ਕਾਨੂੰਨ ਪਾਲਣਾ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ।

- ਕੀ ਵਿਅਕਤੀ ਪਰਿਵਾਰ, ਦੋਸਤਾਂ, ਭਾਈਚਾਰਕ ਸੰਗਠਨਾਂ, ਜਾਂ ਪੂਜਾ ਦੇ ਅਸਥਾਨਾਂ ਤੋਂ ਦੂਰ ਹੋਇਆ ਜਾਪਦਾ ਹੈ?
- ਕੀ ਬੱਚੇ ਨੇ ਸਕੂਲ ਜਾਣਾ ਬੰਦ ਕਰ ਦਿੱਤਾ ਹੈ?
- ਕੀ ਵਿਅਕਤੀ ਦੇ ਵਿਹਾਰ ਵਿੱਚ ਅਚਾਨਕ ਜਾਂ ਵੱਡੀ ਤਬਦੀਲੀ ਆਈ ਹੈ?
- ਕੀ ਕਿਸ਼ੋਰ ਵਪਾਰਕ ਸੈਕਸ ਦੇ ਕੰਮਾਂ ਵਿੱਚ ਸ਼ਾਮਲ ਹੈ?
- ਕੀ ਵਿਅਕਤੀ ਬੌਂਦਲਿਆ ਜਾਂ ਉਲਝਣ ਵਿੱਚ ਹੈ, ਜਾਂ ਉਹ ਮਾਨਸਿਕ ਜਾਂ ਸਰੀਰਕ ਦੁਰਵਿਹਾਰ ਦੇ ਲੱਛਣ ਦਿਖਾ ਰਿਹਾ ਹੈ?
- ਕੀ ਵਿਅਕਤੀ ਦੇ ਨੀਲ ਪਏ ਹੋਏ ਹਨ ਜੋ ਸਿਹਤਯਾਬੀ ਦੇ ਵੱਖ-ਵੱਖ ਪੜਾਵਾਂ ਵਿੱਚ ਹਨ?
- ਕੀ ਵਿਅਕਤੀ ਭੈ-ਭੀਤ, ਡਰਿਆ ਹੋਇਆ, ਜਾਂ ਚੁਪਚਾਪ ਹੈ?
- ਕੀ ਵਿਅਕਤੀ ਭੋਜਨ, ਪਾਣੀ, ਨੀਂਦ, ਜਾਂ ਡਾਕਟਰੀ ਦੇਖਭਾਲ ਨਾ ਮਿਲਣ ਦੇ ਸੰਕੇਤ ਦਿੰਦਾ ਹੈ?
- ਕੀ ਵਿਅਕਤੀ ਅਕਸਰ ਕਿਸੇ ਅਜਿਹੇ ਵਿਅਕਤੀ ਦੀ ਸੰਗਤ ਵਿੱਚ ਰਹਿੰਦਾ ਹੈ ਜਿਸ ਦੀ ਉਹ ਗੱਲ ਮੰਨਦਾ ਹੈ? ਜਾਂ ਕੋਈ ਅਜਿਹਾ ਵਿਅਕਤੀ ਜੋ ਸਥਿਤੀ 'ਤੇ ਨਿਯੰਤ੍ਰਣ ਕਰਦਾ ਪ੍ਰਤੀਤ ਹੁੰਦਾ ਹੈ, ਮਿਸਾਲ ਲਈ ਉਹ ਕਿੱਥੇ ਜਾਂਦੇ ਹਨ ਜਾਂ ਉਹ ਕਿਸ ਨਾਲ ਗੱਲ ਕਰਦੇ ਹਨ?
- ਕੀ ਵਿਅਕਤੀ ਨੂੰ ਇਸ ਬਾਰੇ ਸਿਖਲਾਈ ਮਿਲੀ ਜਾਪਦੀ ਹੈ ਕਿ ਉਸ ਨੇ ਕੀ ਕਹਿਣਾ ਹੈ?
- ਕੀ ਵਿਅਕਤੀ ਅਢੁਕਵੀਆਂ ਸਥਿਤੀਆਂ ਵਿੱਚ ਰਹਿ ਰਿਹਾ ਹੈ?
- ਕੀ ਵਿਅਕਤੀ ਕੋਲ ਨਿੱਜੀ ਵਸਤੂਆਂ ਦੀ ਕਮੀ ਹੈ ਅਤੇ ਜਾਪਦਾ ਹੈ ਕਿ ਉਸ ਦੀ ਰਹਿਣ ਦੀ ਸਥਿਤੀ ਸਥਿਰ ਨਹੀਂ ਹੈ?
- ਕੀ ਵਿਅਕਤੀ ਨੂੰ ਆਉਣ-ਜਾਣ ਦੀ ਅਜ਼ਾਦੀ ਹੈ? ਕੀ ਵਿਅਕਤੀ ਉਸ ਥਾਂ ਤੋਂ ਅਜ਼ਾਦੀ ਨਾਲ ਜਾ ਸਕਦਾ ਹੈ ਜਿੱਥੇ ਉਹ ਰਹਿੰਦਾ ਹੈ? ਕੀ ਕੋਈ ਗੈਰਮੁਨਾਸਬ ਸੁਰੱਖਿਆ ਉਪਾਅ ਹਨ?

BLUE CAMPAIGN
One Voice. One Mission. End Human Trafficking.™